ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ
ਸਿੱਖਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)
ਫੋਨ ਨੰ:0172-5212313,5212322

ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

ਵੱਲ

1.ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)(ਐ.ਸਿ),
ਪੰਜਾਬ

2.ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ
(ਵੈਬਸਾਇਟ ਰਾਹੀਂ)

3.ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ
(ਵੈਬਸਾਇਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਪਲਾਨ/ਰਮਸਅ/2015\245 ਮਿਤੀ: 20.01.2015

ਵਿਸ਼ਾ:- **ਸਕੂਲ/ਵਿੱਦਿਅਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਬਣਾਉਣ ਸਬੰਧੀ।**

ਹਵਾਲਾ ਇਸ ਦਫਤਰ ਦੇ ਪੱਤਰ ਨੰ: ਡਿ.ਐਸ.ਪੀ.ਡੀ/ਰਮਸਅ/2011/R000432 ਮਿਤੀ 13.1.2011 ,ਡਿ.ਐਸ.ਪੀ.ਡੀ/ਰਮਸਅ/2011/R005378 ਮਿਤੀ 5.11.2013 ਅਤੇ ਡਿ.ਐਸ.ਪੀ.ਡੀ/ਰਮਸਅ/2011/R005709 ਮਿਤੀ 18.12.2013

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿਚ ਅਤੇ ਪ੍ਰਮੁੱਖ ਸਕੱਤਰ ਸਿਹਤ ਅਤੇ ਭਲਾਈ ਵਿਭਾਗ ਵੱਲੋ ਪ੍ਰਾਪਤ ਪੱਤਰ ਦੀ ਕਾਪੀ ਨਾਲ ਨੱਥੀ ਕਰਕੇ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜ਼ਿਲ੍ਹੇ ਅਧੀਨ ਪੈਂਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀ ਅਤੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਵਿਚ ਪੜ੍ਹਦੇ ਸਿਖਿਆਰਥੀ ਵੱਲੋ ਕਿਸੇ ਵੀ ਅਜਿਹੇ ਮੁਕਾਬਲੇ ਵਿਚ ਹਿੱਸਾ ਨਾ ਲੈਣ ਦਿੱਤਾ ਜਾਵੇ ਜਿਹਨਾਂ ਦੇ ਬਰਾਂਡ ਦੇ ਨਾਂ, ਮਾਰਕਾ, ਲੋਗੋ ਜਾਂ ਫਿਰ ਕੋਈ ਹੋਰ ਵਿਸ਼ੇਸਤਾ ਸਿੱਧੇ ਜਾਂ ਅਸਿੱਧੇ ਤੌਰ ਤੇ ਤੰਬਾਕੂ ਉਤਪਾਦਾਂ ਨਾਲ ਜੁੜੀ ਹੋਵੇ।

ਨੱਥੀ: (ਸਿਹਤ ਅਤੇ ਭਲਾਈ ਵਿਭਾਗ ਵੱਲੋ ਪ੍ਰਾਪਤ ਪੱਤਰ ਦੀ ਕਾਪੀ)

ਡੀ.ਜੀ.ਐਸ.ਈ- ਕਮ -ਐਸ.ਪੀ.ਡੀ
ਰਮਸਅ/ਐਸ.ਐਸ.ਏ
ਅਜੀਤਗੜ੍ਹ (ਮੁਹਾਲੀ) ਪੰਜਾਬ

**Vini Mahajan,** IAS
ਵਿਨੀ ਮਹਾਜਨ,ਆਈ.ਏ.ਐਸ.
ਪ੍ਰਮੁੱਖ ਸਕੱਤਰ / Principal Secretary
ਟੈਲੀਫੋਨ/Telephone No. 0172- 2741820 (O)
ਫੈਕਸ/ Fax 0172- 5016221
Email : pshfwpunjab@gmail.com

ਅੱਧ.ਸ.ਪੱ.ਨੰ./D.O.No PS/PSHFW/2014/243

ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ,
ਡਾਕਟਰੀ ਸਿੱਖਿਆ ਤੇ ਖੋਜ ਵਿਭਾਗ।

**Government of Punjab,
Department of Health & Family Welfare
Medical Education & Research,
Chandigarh**

ਮਿਤੀ/Date 17/6/2014

ਪਿਆਰੀ ਅੰਜਲੀ,

ਮੈ ਆਪ ਦਾ ਧਿਆਨ ਸੀ.ਬੀ.ਐਸ.ਈ. ਦੇ ਪੱਤਰ ਮਿਤੀ 30 ਮਈ 2014 (ਨੱਥੀ) ਵੱਲ ਦਿਵਾਉਣਾ ਚਾਹੁੰਦੀ ਹਾਂ ਜਿਸ ਰਾਂਹੀ ਸੀ.ਬੀ.ਐਸ.ਈ. ਦੇ ਡਾਇਰੈਕਟਰ ਵਲੋਂ ਉਹਨਾਂ ਅਧੀਨ ਆਉਂਦੀਆਂ ਸਿੱਖਿਅਕ ਸੰਸਥਾਵਾਂ ਵਿੱਚ ਤੰਬਾਕੂ ਜਾ ਤੰਬਾਕੂ ਯੁਕਤ ਪਦਾਰਥਾਂ ਨਾਲ ਸਬੰਧਤ ਕਿਸੇ ਵੀ ਸੱਮਗਰੀ, ਜਿਸ ਨਾਲ ਤੰਬਾਕੂ ਯੁਕਤ ਪਦਾਰਥਾਂ ਦਾ ਸਿੱਧੇ ਜਾ ਅਸਿੱਧੇ ਤੋਰ ਤੇ ਪ੍ਰਚਾਰ ਹੋਵੇ, ਨੂੰ ਨਾ ਵਰਤਣ ਦਾ ਨਿਰਦੇਸ਼ ਜਾਰੀ ਕੀਤਾ ਹੈ। ਸਕੂਲ ਪ੍ਰਸਾਸ਼ਨ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਇਸ ਸਬੰਧੀ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ।

ਮੈਂ ਧੰਨਵਾਦੀ ਹੋਵਾਂਗੀ ਜੇਕਰ ਸੀ.ਬੀ.ਐਸ.ਈ. ਦੀ ਤਰਜ਼ ਤੇ ਆਪ ਵਲੋਂ ਆਪਣੇ ਅਧੀਨ ਸਕੂਲਾਂ ਵਿੱਚ ਹਦਾਇਤਾਂ ਜਾਰੀ ਕੀਤੀਆਂ ਜਾਣ। ਅਜਿਹਾ ਕਰਨਾ ਤੰਬਾਕੂ ਕੰਟਰੋਲ ਐਕਟ ਦੀ ਪਾਲਣਾ ਕਰਨ ਦੇ ਨਾਲ-ਨਾਲ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਜਿਹੜੇ ਕਿ ਸਾਡਾ ਆਉਣ ਵਾਲਾ ਭਵਿੱਖ ਹੈ, ਨੂੰ ਵੀ ਜਾਗਰੂਕ ਕਰਨ ਵਿੱਚ ਸਹਾਈ ਸਿੱਧ ਹੋਵੇਗਾ।

ਆਦਰ ਸਹਿਤ

ਹਿੱਤੂ,

(ਵਿਨੀ ਮਹਾਜਨ)

ਸ੍ਰੀਮਤੀ ਅੰਜਲੀ ਭਾਵੜਾ,ਆਈ.ਏ.ਐਸ.
ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ,
ਪੰਜਾਬ।